ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ, ਪੰਜਾਬ।
ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ: 0172-5212345/349, ਈ-ਮੇਲ: rmsa.civilworks@punjabeducation.gov.in

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ ਸੈ.ਸਿ.),
ਪੰਜਾਬ।

ਮੀਮੋ ਨੰ. Samagra/Smart School/2021/ 20216942
ਮਿਤੀ : 06-01-2021

ਵਿਸ਼ਾ:- **ਸਰਕਾਰੀ ਸਕੂਲਾਂ ਵਿੱਚ Sanitary Pad Vending & Incinerator Machines Install ਕਰਨ ਸਬੰਧੀ।**

1.0 ਉੱਕਤ ਵਿਸ਼ੇ ਸੰਬੰਧੀ ਲਿਖਿਆ ਜਾਂਦਾ ਹੈ ਕਿ ਸਮੱਗਰਾ ਸਿੱਖਿਆ ਅਭਿਆਨ ਤਹਿਤ ਭਾਰਤ ਸਰਕਾਰ ਵੱਲੋਂ ਸਾਲ 2020-21 ਵਿੱਚ ਰਾਜ ਦੇ 2521 ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ Sanitary Pad Vending & Incinerator Machines Install ਕਰਨ ਲਈ 806.72 ਲੱਖ ਰੁਪਏ ਦੀ ਰਾਸ਼ੀ ਮੰਜ਼ੂਰ ਕੀਤੀ ਗਈ ਹੈ। ਇਹ ਰਾਸ਼ੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਮੁੱਖ ਦਫ਼ਤਰ ਦੇ ਪੱਤਰ ਨੰ. ਸਸਅ/ ਵਿੱਤ/2020-21/20213386 ਮਿਤੀ 04.01.2021 ਅਨੁਸਾਰ ਈ-ਟਰਾਂਸਫਰ ਕਰ ਦਿੱਤੀ ਗਈ ਹੈ, ਜਿਸ ਦਾ ਜ਼ਿਲ੍ਹਾਵਾਈਜ਼ ਵੇਰਵਾ ਹੇਠ ਲਿਖੇ ਅਨੁਸਾਰ ਹੈ:

| Sr. No. | Name of District | No. of Schools | Unit Cost in lakh | Total amount in lakh |
|---|---|---|---|---|
| 1 | Amritsar | 159 | 0.32 | 50.88 |
| 2 | Barnala | 64 | 0.32 | 20.48 |
| 3 | Bathinda | 164 | 0.32 | 52.48 |
| 4 | Faridkot | 57 | 0.32 | 18.24 |
| 5 | Fatehgarh Sahib | 52 | 0.32 | 16.64 |
| 6 | Fazilka | 130 | 0.32 | 41.6 |
| 7 | Ferozepur | 90 | 0.32 | 28.8 |
| 8 | Gurdaspur | 145 | 0.32 | 46.4 |
| 9 | Hoshiarpur | 151 | 0.32 | 48.32 |
| 10 | Jalandhar | 178 | 0.32 | 56.96 |
| 11 | Kapurthala | 64 | 0.32 | 20.48 |
| 12 | Ludhiana | 227 | 0.32 | 72.64 |
| 13 | Mansa | 101 | 0.32 | 32.32 |
| 14 | Moga | 118 | 0.32 | 37.76 |
| 15 | S.A.S. Nagar | 83 | 0.32 | 26.56 |
| 16 | Muktsar Sahib | 102 | 0.32 | 32.64 |
| 17 | S.B.S. Nagar | 57 | 0.32 | 18.24 |
| 18 | Pathankot | 66 | 0.32 | 21.12 |
| 19 | Patiala | 176 | 0.32 | 56.32 |
| 20 | Rupnagar | 65 | 0.32 | 20.8 |
| 21 | Sangrur | 169 | 0.32 | 54.08 |
| 22 | Tarn-Taran | 103 | 0.32 | 32.96 |
| **Grand Total** | | **2521** | | **806.72** |

2.0 Sanitary Pad Vending & Incinerator Machines ਖਰੀਦਣ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

2.1 ਪੱਤਰ ਨਾਲ ਨੱਥੀ ਸਪੈਸੀਫਿਕੇਸ਼ਨਾਂ ਅਨੁਸਾਰ ਹੀ Sanitary Pad Vending & Incinerator Machines ਦੀ ਖਰੀਦ ਕੀਤੀ ਜਾਵੇ। ਜੇਕਰ ਕੋਈ ਸਕੂਲ ਮੁੱਖੀ ਇਹਨਾਂ ਸਪੈਸੀਫਿਕੇਸ਼ਨਾਂ ਤੋਂ ਬਾਹਰ ਮਸ਼ੀਨ ਦੀ ਖਰੀਦੋ-ਫਰੋਕਤ ਕਰਦਾ ਹੈ ਤਾਂ ਉਸ ਦੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

2.2 ਫੰਡ ਜਿਸ ਮਕਸਦ ਅਤੇ ਜਿਹਨਾਂ ਸਕੂਲਾਂ ਲਈ (ਨਾਲ ਨੱਥੀ ਲਿਸਟ ਅਨੁਸਾਰ) ਜਾਰੀ ਕੀਤੇ ਗਏ ਹਨ, ਉਸੇ ਸਕੂਲ/ਕੰਮ ਲਈ ਹੀ ਖਰਚੇ ਜਾਣ। ਭੇਜੀ ਗਈ ਗ੍ਰਾਂਟ ਦੀ ਵਰਤੋਂ ਸਮੱਗਰਾ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਅਨੁਸਾਰ ਕੀਤੀ ਜਾਵੇ ਅਤੇ ਵਰਤੋਂ ਸਰਟੀਫਿਕੇਟ ਵੀ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

2.3 ਸਟਾਕ ਰਜਿਸਟਰ ਵਿੱਚ Sanitary Pad Vending & Incinerator Machines ਦੀ ਐਂਟਰੀ ਕੀਤੀ ਜਾਵੇ।

2.4 ਸਮੂਹ ਡੀ.ਐਸ.ਐਮ., ਏ.ਸੀਜ਼. ਅਤੇ ਜੇ.ਈਜ਼ ਵੱਲੋਂ ਸਕੂਲਾਂ ਵਿੱਚ ਕੀਤੇ ਜਾ ਰਹੇ ਕੰਮਾਂ ਦਾ ਸਮੇਂ ਸਮੇਂ ਤੇ ਨਿਰੀਖਣ ਕੀਤਾ ਜਾਵੇ ਅਤੇ ਉਸ ਦੀ ਹਫਤਾਵਾਰ ਰਿਪੋਰਟ ਮੁੱਖ ਦਫ਼ਤਰ ਦੀ ਈ-ਮੇਲ smartschool@punjabeducation.gov.in ਤੇ ਭੇਜੀ ਜਾਵੇ। ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ ਦੇ ਅਧਿਕਾਰੀਆਂ ਨਾਲ ਹੋਣ ਵਾਲੀ ਹਫਤਾਵਾਰ video Conference ਵਿੱਚ ਇਹਨਾਂ ਸਕੂਲਾਂ ਦੇ ਕੰਮਾਂ ਦੀ progress ਰੀਵਿਊ ਕੀਤੀ ਜਾਵੇਗੀ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ
ਪੰਜਾਬ

ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਸੀ-2/2021/7829
ਮਿਤੀ ਜਲੰਧਰ 7-1-2021

[illegible]

ਜ਼ਿਲ੍ਹਾ ਸਿੱਖਿਆ ਅਫਸਰ (ਸ.ਸ.)
ਜਲੰਧਰ